**ਦਫਤਰ:- ਡਾਇਰੈਕਟਰ ਸਿਖਿਆ ਵਿਭਾਗ (ਐ:ਸਿ:) ਪੰਜਾਬ, ਮੋਹਾਲੀ**

(ਅਮਲਾ-1 ਸ਼ਾਖਾ)

ਹੁਕਮ ਨੰਬਰ:-02/57-2018-ਅਮਲਾ-1(1)
ਮਿਤੀ ਐਸ.ਏ.ਐਸ.ਨਗਰ :-19/11/2018

ਇਸ ਦਫਤਰ ਵਲੋਂ ਹੁਕਮ ਨੰਬਰ:- 02/57-2018-ਅਮਲਾ-1(1) ਮਿਤੀ 12/11/2018 ਅਨੁਸਾਰ ਸ਼੍ਰੀਮਤੀ ਸਰਬਜੀਤ ਕੌਰ, ਬਲਾਕ ਪ੍ਰਾਇਮਰੀ ਸਿਖਿਆ ਅਫਸਰ, ਪੂਰਬੀ-4 (ਜਲੰਧਰ) ਦੀਆਂ ਸੇਵਾਵਾਂ ਪੰਜਾਬ ਸਿਵਲ ਸੇਵਾਵਾਂ (ਸਜਾ ਅਤੇ ਅਪੀਲ) ਰੂਲਜ਼ 1970 ਦੇ ਨਿਯਮ 4 ਅਧੀਨ ਤਤਕਾਲ ਸਮੇਂ ਤੋਂ ਮੁਅੱਤਲ ਕੀਤੀਆਂ ਗਈਆਂ ਸਨ, ਅਤੇ ਦੋਸ਼ ਸੂਚੀ ਵੀ ਜਾਰੀ ਕੀਤੀ ਗਈ ਸੀ। ਇਸ ਅਧਿਕਾਰਨ ਦੀਆਂ ਸੇਵਾਵਾਂ ਪੈਂਡਿੰਗ ਪੜਤਾਲ ਤਤਕਾਲ ਸਮੇਂ ਤੋਂ ਬਹਾਲ ਕੀਤੀਆਂ ਜਾਂਦੀਆ ਹਨ। ਉਸ ਵਿਰੁੱਧ ਚੱਲ ਰਹੀ ਰੈਗੂਲਰ ਪੜਤਾਲ ਤੇ ਕਿਸੇ ਵੀ ਤਰ੍ਹਾਂ ਪ੍ਰਭਾਵਿਤ ਨਹੀਂ ਕਰੇਗੀ। ਸੇਵਾਵਾਂ ਬਹਾਲ ਕਰਨ ਉਪਰੰਤ ਇਸ ਅਧਿਕਾਰਨ ਨੂੰ ਬਲਾਕ ਪ੍ਰਾਇਮਰੀ ਸਿਖਿਆ ਅਫਸਰ, ਗੋਰਾਇਆ-1(ਜਲੰਧਰ) ਵਿਖੇ ਤੈਨਾਤ ਕੀਤਾ ਜਾਂਦਾ ਹੈ।

ਇੰਦਰਜੀਤ ਸਿੰਘ
ਡਾਇਰੈਕਟਰ ਸਿਖਿਆ ਵਿਭਾਗ (ਐ:ਸਿ:) ਪੰਜਾਬ

ਪਿੱਠ ਅੰਕਣ ਨੰਬਰ:-ਉਕਤ 9856
ਮਿਤੀ ਐਸ.ਏ.ਐਸ. ਨਗਰ :-20/11/18

ਉਪਰੋਕਤ ਦਾ ਉਤਾਰਾ ਹੇਠ ਲਿਖਿਆ ਨੂੰ ਸੂਚਨਾਂ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਜਿਲ੍ਹਾ ਸਿਖਿਆ ਅਫਸਰ (ਐ:ਸਿ:) ਜਲੰਧਰ।
2. ਜਿਲ੍ਹਾ ਖਜਾਨਾਂ ਅਫਸਰ, ਜਲੰਧਰ।
3. ਬਲਾਕ ਪ੍ਰਾਇਮਰੀ ਸਿਖਿਆ ਅਫਸਰ, ਪੂਰਬੀ-4 (ਜਲੰਧਰ)
4. ਬਲਾਕ ਪ੍ਰਾਇਮਰੀ ਸਿਖਿਆ ਅਫਸਰ, ਗੋਰਾਇਆ-1 (ਜਲੰਧਰ)
5. ਸ਼੍ਰੀਮਤੀ ਸਰਬਜੀਤ ਕੌਰ, ਬਲਾਕ ਪ੍ਰਾਇਮਰੀ ਸਿਖਿਆ ਅਫਸਰ, ਮਾਰਫਤ ਜਿਲ੍ਹਾ ਸਿਖਿਆ ਅਫਸਰ (ਐ:ਸਿ:) ਜਲੰਧਰ।
6. ਐਮ.ਆਈ.ਐਸ.ਵਿੰਗ ਦਫਤਰ ਸਰਵ ਸਿਖਿਆ ਅਭਿਆਨ ਅਥਾਰਟੀ ਪੰਜਾਬ, ਐਸ.ਏ.ਐਸ. ਨਗਰ ਨੂੰ ਵਿਭਾਗ ਦੀ ਸਾਈਟ ਤੇ ਪਾਉਣ ਲਈ।

20/11/18
ਸੁਪਰਡੰਟ (ਅਮਲਾ)

**ਦਫਤਰ:- ਡਾਇਰੈਕਟਰ ਸਿਖਿਆ ਵਿਭਾਗ (ਐ:ਸਿ:) ਪੰਜਾਬ, ਐਸ.ਏ.ਐਸ. ਨਗਰ**

**(ਅਮਲਾ-1 ਸ਼ਾਖਾ)**

ਹੁਕਮ ਨੰਬਰ:-20/57-2015-ਅਮਲਾ-1(1)
ਮਿਤੀ ਐਸ.ਏ.ਐਸ. ਨਗਰ:-18/10/2018

ਸ਼੍ਰੀਮਤੀ ਦਰਸ਼ਨਜੀਤ ਕੌਰ, ਬੀ.ਪੀ.ਈ.ਓ. ਹੁਸ਼ਿਆਰਪੁਰ-2 ਬੀ (ਰਿਟਾਇਰਡ) ਵਿਰੁੱਧ ਵੱਖ-ਵੱਖ ਸ਼ਿਕਾਇਤ ਕਰਤਾਵਾਂ ਵਲੋਂ ਸਮੇਂ-ਸਮੇਂ ਕੀਤੀਆਂ ਗਈਆਂ ਸ਼ਿਕਾਇਤਾਂ ਵਿਚ ਲਗਾਏ ਗਏ ਦੋਸ਼ਾਂ ਦੀਆਂ ਪੜਤਾਲਾਂ ਜਿਲ੍ਹਾ ਸਿਖਿਆ ਅਫਸਰ (ਐ:ਸਿ:) ਹੁਸ਼ਿਆਰਪੁਰ ਵਲੋਂ ਵਿਭਾਗ ਦੇ ਵੱਖ-ਵੱਖ ਅਧਿਕਾਰੀਆਂ ਤੋਂ ਪੜਤਾਲਾਂ ਕਰਵਾ ਕੇ ਪੇਸ਼ ਕੀਤੀਆਂ ਗਈਆ ਪੜਤਾਲ ਰਿਪੋਰਟਾਂ ਨੂੰ ਵਿਚਾਰਨ ਉਪਰੰਤ ਸ਼ਿਕਾਇਤ ਕਰਤਾਵਾਂ ਨੂੰ ਮੁੱਖ ਦਫਤਰ ਵਿਖੇ ਨਿੱਜੀ ਪੱਧਰ ਤੇ ਸੁਣਵਾਈ ਦਾ ਮੌਕਾ ਮਿਤੀ 27/09/2018 ਨੂੰ ਦਿੱਤਾ ਗਿਆ ਸੀ। ਇਸ ਸਬੰਧੀ ਜਿਲ੍ਹਾ ਸਿਖਿਆ ਅਫਸਰ (ਐ:ਸਿ:) ਹੁਸ਼ਿਆਰਪੁਰ ਵਲੋਂ ਲਿਖਤੀ ਰੂਪ ਵਿਚ ਸ਼ਿਕਾਇਤ ਕਰਤਾਵਾਂ ਨੂੰ ਮਿਤੀ 27/09/2018 ਨੂੰ ਮੁੱਖ ਦਫਤਰ ਵਿਖੇ ਰੱਖੀ ਗਈ ਨਿੱਜੀ ਸੁਣਵਾਈ ਦੇ ਸਬੰਧ ਵਿਚ ਸਮੇਂ ਸਿਰ ਪੇਸ਼ ਹੋ ਕੇ ਆਪਣਾ ਪੱਖ ਪੇਸ਼ ਕਰਨ ਲਈ ਨਿੱਜੀ ਪੱਧਰ ਤੇ ਨੋਟ ਕਰਵਾਇਆ ਗਿਆ। ਇਸ ਦੇ ਸੰਨਮੁੱਖ ਇਹਨਾਂ ਸ਼ਿਕਾਇਤ ਕਰਤਾਵਾਂ ਵਿਚੋਂ ਕੇਵਲ ਹਰਬਿਲਾਸ, ਈ.ਟੀ.ਟੀ. ਟੀਚਰ, ਸ:ਐ:ਸ: ਸਤਿਆਲ, ਬਲਾਕ ਹੁਸ਼ਿਆਰਪੁਰਣ2 ਬੀ ਹੀ ਨਿੱਜੀ ਸੁਣਵਾਈ ਮੌਕੇ ਹਾਜਰ ਹੋਇਆ ਅਤੇ ਆਪਣਾ ਪੱਖ ਲਿਖਤੀ ਰੂਪ ਵਿਚ ਪੇਸ਼ ਕੀਤਾ ਕਿ ਉਸ ਵਲੋਂ ਇਸ ਅਧਿਕਾਰਨ ਵਿਰੁੱਧ ਕੋਈ ਸ਼ਿਕਾਇਤ ਨਹੀਂ ਕੀਤੀ ਗਈ ਹੈ।

ਉਪਰੋਕਤ ਸਥਿਤੀ ਨੂੰ ਧਿਆਨ ਵਿਚ ਰੱਖਦੇ ਹੋਏ ਸ਼੍ਰੀਮਤੀ ਦਰਸ਼ਨਜੀਤ ਕੌਰ, ਬੀ.ਪੀ.ਈ.ਓ. ਹੁਸ਼ਿਆਰਪੁਰ-2 ਬੀ (ਰਿਟਾਇਰਡ) ਵਿਰੁੱਧ ਵੱਖ-ਵੱਖ ਸ਼ਿਕਾਇਤ ਕਰਤਾਵਾਂ ਵਲੋਂ ਸਮੇਂ-ਸਮੇਂ ਕੀਤੀਆਂ ਗਈਆਂ ਸ਼ਿਕਾਇਤਾਂ ਦਾਖਲ ਦਫਤਰ ਕੀਤੀਆਂ ਜਾਂਦੀਆਂ ਹਨ।

**ਇੰਦਰਜੀਤ ਸਿੰਘ**
**ਡਾਇਰੈਕਟਰ ਸਿਖਿਆ ਵਿਭਾਗ (ਐ:ਸਿ:)ਪੰਜਾਬ**

**ਪਿੱਠ ਅੰਕਣ ਨੰਬਰ:-ਉਕਤ** 9842
**ਮਿਤੀ ਐਸ.ਏ.ਐਸ. ਨਗਰ:-** 15-11-18

**ਉਤਾਰਾ ਹੇਠ ਲਿਖਿਆ ਨੂੰ ਸੂਚਨਾਂ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-**

1. ਜਿਲ੍ਹਾ ਸਿਖਿਆ ਅਫਸਰ (ਐ:ਸਿ:) ਹੁਸ਼ਿਆਰਪੁਰ।
2. ਮਹਾਂਲੇਖਾਕਾਰ,ਪੰਜਾਬ, ਚੰਡੀਗੜ੍ਹ।
3. ਜਿਲ੍ਹਾ ਖਜਾਨਾ ਅਫਸਰ, ਹੁਸ਼ਿਆਰਪੁਰ।
4. ਬਲਾਕ ਪ੍ਰਾਇਮਰੀ ਸਿਖਿਆ ਅਫਸਰ, ਹੁਸ਼ਿਆਰਪੁਰ-2 ਬੀ(ਹੁਸ਼ਿਆਰਪੁਰ)।
5. ਦਰਸ਼ਨਜੀਤ ਕੌਰ, ਬੀ.ਪੀ.ਈ.ਓ. ਹੁਸ਼ਿਆਰਪੁਰ-2 ਬੀ (ਰਿਟਾਇਰਡ) ਮਾਰਫਤ ਜਿਲ੍ਹਾ ਸਿਖਿਆ ਅਫਸਰ (ਐ:ਸਿ:) ਹੁਸ਼ਿਆਰਪੁਰ।
6. ਐਮ.ਆਈ.ਐਸ. ਵਿੰਗ, ਦਫਤਰ ਸਰਵ ਸਿਖਿਆ ਅਭਿਆਨ ਅਥਾਰਟੀ,ਪੰਜਾਬ, ਚੰਡੀਗੜ੍ਹ ਨੂੰ ਵਿਭਾਗ ਦੀ ਸਾਈਟ ਤੇ ਪਾਉਣ ਲਈ।

13/11/18

**ਸਹਾਇਕ ਡਾਇਰੈਕਟਰ(ਅਮਲਾ)**

**ਦਫਤਰ:- ਡਾਇਰੈਕਟਰ ਸਿਖਿਆ ਵਿਭਾਗ (ਐ:ਸਿ:) ਪੰਜਾਬ, ਮੋਹਾਲੀ**

**(ਅਮਲਾ-1 ਸ਼ਾਖਾ)**

**ਹੁਕਮ ਨੰਬਰ:-02/57-2017-ਅਮਲਾ-1(1)**
**ਮਿਤੀ ਮੋਹਾਲੀ:-12/11/2018**

ਸ਼੍ਰੀਮਤੀ ਸਰਬਜੀਤ ਕੌਰ, ਬਲਾਕ ਪ੍ਰਾਇਮਰੀ ਸਿਖਿਆ ਅਫਸਰ, ਪੂਰਬੀ-4 (ਜਲੰਧਰ) ਦੀਆਂ ਸੇਵਾਵਾਂ ਐਗਜੀਕਿਊਸ਼ਨ ਕੇਸ-ਸ਼੍ਰੀਮਤੀ ਇੰਦਰਪਾਲ ਕੌਰ ਬਨਾਮ ਪੰਜਾਬ ਸਰਕਾਰ ਵਿਚ ਪਲੇਂਟਿਫ ਨੂੰ ਏ.ਸੀ.ਪੀ.ਸਕੀਮ ਅਧੀਨ ਗਲਤ ਤਨਖਾਹ ਫਿਕਸ ਬਣਦੇ ਬਕਾਏ ਦੀ ਅਸਲ ਰਕਮ ਤੋਂ 2,88, 396/- ਰੁਪਏ (ਕੇਵਲ ਦੋ ਲੱਖ ਅਠਾਸੀ ਹਾਜਰ ਤਿੰਨ ਸੌ ਛਿਆਨਵੇਂ ਰੁਪਏ) ਦੀ ਵੱਧ ਅਦਾਇਗੀ ਕਰਨ ਦੇ ਦੋਸ਼ਾਂ ਅਧੀਨ ਪੰਜਾਬ ਸਿਵਲ ਸੇਵਾਵਾਂ (ਸਜਾ ਅਤੇ ਅਪੀਲ) ਰੂਲਜ਼ 1970 ਦੇ ਨਿਯਮ 4 ਅਧੀਨ ਤਤਕਾਲ ਸਮੇਂ ਤੋਂ ਮੁਅੱਤਲ ਕੀਤੀਆਂ ਜਾਂਦੀਆਂ ਹਨ। ਮੁਅੱਤਲੀ ਦੌਰਾਨ ਇਸ ਅਧਿਕਾਰੀ ਦਾ ਹੈੱਡ ਕੁਆਟਰ ਜਿਲ੍ਹਾ ਸਿਖਿਆ ਅਫਸਰ (ਐ:ਸਿ:), ਜਲੰਧਰ ਫਿਕਸ ਕੀਤਾ ਜਾਂਦਾ ਹੈ। ਇਸ ਅਧਿਕਾਰੀ ਨੂੰ ਨਿਯਮਾਂ ਅਨੁਸਾਰ ਗੁਜਾਰਾ ਭੱਤਾ ਮਿਲਣਯੋਗ ਹੋਵੇਗਾ।

**ਇੰਦਰਜੀਤ ਸਿੰਘ**
**ਡਾਇਰੈਕਟਰ ਸਿਖਿਆ ਵਿਭਾਗ (ਐ:ਸਿ:) ਪੰਜਾਬ**

**ਪਿੱਠ ਅੰਕਣ ਨੰਬਰ:-ਉਕਤ** 17729 **ਮਿਤੀ ਮੋਹਾਲੀ:-**13/11/18

ਉਪਰੋਕਤ ਦਾ ਉਤਾਰਾ ਹੇਠ ਲਿਖਿਆ ਨੂੰ ਸੂਚਨਾਂ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਜਿਲ੍ਹਾ ਸਿਖਿਆ ਅਫਸਰ (ਐ:ਸਿ:) ਜਲੰਧਰ ਜਲੰਧਰ ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਇਹਨਾਂ ਅਧਿਕਾਰਨ ਨੂੰ ਤੁਰੰਤ ਅਸਰ ਨਾਲ ਰਲੀਵ ਕਰਨ ਤੋਂ ਪਹਿਲਾਂ ਉਹਨਾਂ ਪਾਸ ਦਫਤਰ ਦਾ ਮੁਕੰਮਲ ਚਾਰਜ ਲੈ ਕੇ ਕਿਸੇ ਯੋਗ ਅਧਿਕਾਰੀ ਨੂੰ ਦਿੱਤਾ ਜਾਵੇ ਤਾਂ ਜੋ ਦਫਤਰੀ ਕੰਮ ਕਾਜ ਨਿਰਵਿਘਨ ਚੱਲਦਾ ਰਹੇ।
2. ਜਿਲ੍ਹਾ ਖਜਾਨਾ ਅਫਸਰ, ਜਲੰਧਰ।
3. ਬਲਾਕ ਪ੍ਰਾਇਮਰੀ ਸਿਖਿਆ ਅਫਸਰ, ਪੂਰਬੀ-4 (ਜਲੰਧਰ)
4. ਸ਼੍ਰੀਮਤੀ ਸਰਬਜੀਤ ਕੌਰ, ਬਲਾਕ ਪ੍ਰਾਇਮਰੀ ਸਿਖਿਆ ਅਫਸਰ, ਪੂਰਬੀ-4(ਜਲੰਧਰ)
5. ਐਮ.ਆਈ.ਐਸ ਵਿੰਗ ਦਫਤਰ ਸਰਵ ਸਿਖਿਆ ਅਭਿਆਨ ਅਥਾਰਟੀ,ਪੰਜਾਬ, ਐਸ.ਏ.ਐਸ. ਨਗਰ ਨੂੰ ਵਿਭਾਗ ਦੀ ਸਾਈਟ ਤੇ ਪਾਉਣ ਲਈ।

13/11/18
**ਸਹਾਇਕ ਡਾਇਰੈਕਟਰ (ਅਮਲਾ)**

ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਐਸਿ) ਪੰਜਾਬ, ਚੰਡੀਗੜ੍ਹ

( ਅਮਲਾ-1 ਸ਼ਾਖਾ )

**ਸੋਧ ਪੱਤਰ**

ਹੁਕਮ ਨੰਬਰ:-06/10-2018-ਅਮਲਾ-1(1)

ਮਿਤੀ ਚੰਡੀਗੜ੍ਹ :-03/11/2018

ਇਸ ਦਫਤਰ ਦੇ ਹੁਕਮ ਨੰਬਰ:- 06/10-2018-ਅਮਲਾ-1(1) ਮਿਤੀ 20/07/2018 ਅਨੁਸਾਰ ਸ੍ਰੀ ਜਸਵੀਰ ਸਿੰਘ, (ਰਿਟਾਇਰਡ) ਹੈੱਡ ਟੀਚਰ, ਸ:ਐ:ਸ: ਮਾਨਾ ਤਲਵੰਡੀ, ਬਲਾਕ ਭੁਲੱਥ ਜਿਲ੍ਹਾ ਕਪੂਰਥਲਾ ਪੰਜਾਬ ਸਿਵਲ ਸਰਵਿਸਿਜ਼ ਮੈਡੀਕਲ ਰੂਲਜ਼ ਦੀ ਧਾਰਾ 2.3 ਅਧੀਨ 1,08,060/- ਰੁਪਏ ( ਕੇਵਲ ਇੱਕ ਲੱਖ ਅੱਠ ਹਜਾਰ ਸੱਠ ਰੁਪਏ) ਜਿਹੜੇ ਕਿ ਉਸਨੇ ਆਪਣੇ ਖੁਦ ਦੀ ਕਰਾਨਿਕ ਨਾਨ ਕਰਾਨਿਕ ਬਿਮਾਰੀ ਦੇ ਇੰਨਡੋਰ ਇਲਾਜ਼ ਤੇ ਬੀ.ਬੀ.ਸੀ. ਹਾਰਟ ਕੇਅਰ ਸੈਂਟਰ, ਜਲੰਧਰ ਵਿਖੇ ਮਿਤੀ 19/11/2017 ਤੋਂ 21/11/2017 ਤੱਕ ਦਾਖਲ ਰਹਿਣ ਕਾਰਨ ਖਰਚ ਕੀਤੇ ਹਨ ਦੀ ਮੰਨਜ਼ੂਰੀ ਜਾਰੀ ਕੀਤੀ ਗਈ ਸੀ।

ਉਕਤ ਅਨੁਸਾਰ ਜਾਰੀ ਕੀਤੀ ਗਈ ਮੈਡੀਕਲ ਕਲੇਮ ਦੇ ਮੈਡੀਕਲ ਕਲੇਮ ਅਨੁਸਾਰ ਉਸ ਨੇ ਆਪਣੀ ਪਤਨੀ ਸ਼੍ਰੀਮਤੀ ਬਲਬੀਰ ਕੌਰ ਦਾ ਇਲਾਜ ਕਰਵਾਇਆ ਸੀ। ਪਰ ਇਸ ਦਫਤਰ ਵਲੋਂ ਜਾਰੀ ਕੀਤੀ ਗਈ ਮੰਨਜ਼ੂਰੀ ਵਿਚ ਟਾਇਪੋਕਲੀ ਗਲਤੀ ਕਾਰਨ ਮਰੀਜ ਦਾ ਨਾਮ ਖੁਦ ਲਿਖਿਆ ਗਿਆ। ਇਸ ਸਬੰਧੀ ਬਣਦੀ ਅੰਸ਼ਿਕ ਸੋਧ ਕਰਦੇ ਹੋਏ ਲਿਖਿਆ ਜਾਂਦਾ ਹੈ ਕਿ ਕਲੇਮ ਕਰਤਾ ਦੇ ਮੈਡੀਕਲ ਕਲੇਮ ਅਨੁਸਾਰ ਉਸ ਨੇ ਇਲਾਜ ਆਪਣੀ ਪਤਨੀ ਸ਼੍ਰੀਮਤੀ ਬਲਬੀਰ ਕੌਰ ਦਾ ਕਰਵਾਇਆ ਪੜ੍ਹਿਆ ਜਾਵੇ। ਇਸ ਸਬੰਧੀ ਪਹਿਲਾਂ ਜਾਰੀ ਕੀਤੀ ਗਈ ਮੰਨਜ਼ੂਰੀ ਵਿਚ ਦਰਜ ਕੀਤੀਆਂ ਗਈਆਂ ਸ਼ਰਤਾਂ ਪਹਿਲਾਂ ਵਾਂਗ ਲਾਗੂ ਰਹਿਣਗੀਆਂ।

ਇੰਦਰਜੀਤ ਸਿੰਘ
ਡਾਇਰੈਕਟਰ ਸਿੱਖਿਆ ਵਿਭਾਗ (ਐ :ਸਿ: )
ਪੰਜਾਬ, ਚੰਡੀਗੜ੍ਹ।

ਪਿੱਠ ਅੰਕਣ ਨੰ. ਉਕਤ 9767 ਮਿਤੀ ਚੰਡੀਗੜ੍ਹ : 13-11-18

ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

1. ਜਿਲ੍ਹਾ ਸਿੱਖਿਆ ਅਫਸਰ (ਐਸਿ) ਕਪੂਰਥਲਾ ਨੂੰ ਉਹਨਾਂ ਦੇ ਪੱਤਰ ਨੰ:-ਲੇਖਾ-2/ਐ:ਸਿ:/2018/4520 ਮਿਤੀ 24/09/2018 ਦੇ ਹਵਾਲੇ ਵਿੱਚ ਕਲੇਮ ਸਮੇਤ ਪ੍ਰਾਪਤ ਹੋਏ ਸਹਿ ਪੱਤਰ ਅਸਲ ਰੂਪ ਵਿੱਚ ਵਾਪਸ ਕੀਤਾ ਜਾਂਦਾ ਹੈ।
2. ਮਹਾਂਲੇਖਾਕਾਰ ਪੰਜਾਬ, ਚੰਡੀਗੜ੍ਹ।
3. ਜਿਲ੍ਹਾ ਖਜਾਨਾ ਅਫਸਰ, ਕਪੂਰਥਲਾ।
4. ਸੁਪਰਡੰਟ ਬਜਟ ਨੂੰ ਭੇਜ਼ ਕੇ ਲਿਖਿਆ ਜਾਂਦਾ ਹੈ ਕਿ ਲੋੜੀਂਦੇ ਫੰਡਜ਼ ਜਿਲ੍ਹਾ ਸਿੱਖਿਆ ਅਫਸਰ ਨੂੰ ਮੁਹੱਈਆ ਕਰਵਾਏ ਜਾਣ।
5. ਸਬੰਧਤ ਕਰਮਚਾਰੀ/ਰਿਟਾਇਰੀ।
6. ਐਮ.ਆਈ.ਐਸ ਵਿੰਗ ਦਫਤਰ ਸਰਵ ਸਿਖਿਆ ਅਭਿਆਨ ਅਥਾਰਟੀ,ਪੰਜਾਬ, ਮੋਹਾਲੀ ਨੂੰ ਵਿਭਾਗ ਦੀ ਸਾਈਟ ਤੇ ਪਾਉਣ ਲਈ।

12/11/18
ਸੁਪਰਡੰਟ (ਅਮਲਾ)

**ਦਫਤਰ ਡਾਇਰੈਕਟਰ ਸਿੱਖਿਆ ਵਿਭਾਗ ( ਐ:ਸਿ:) ਪੰਜਾਬ, ਚੰਡੀਗੜ**

**(ਅਮਲਾ-1 ਸ਼ਾਖਾ)**

ਹੁਕਮ ਨੰ. 18/23-18 ਅ1 (1)

ਮਿਤੀ : 13-11-2018

ਸੰਜਨਾ, ਈ.ਟੀ.ਟੀ. ਟੀਚਰ, ਸ:ਐ:ਸ: ਸੀਕਰੀ, ਬਲਾਕ ਫਗਵਾੜਾ (ਕਪੂਰਥਲਾ) ਨੇ ਵਿਦੇਸ਼ ਜਾਣ ਦੇ ਮੰਤਵ ਲਈ ਅੱਧੀ ਤਨਖਾਹ ਛੁੱਟੀ ਮਿਤੀ 14/5/2018 ਤੋਂ 12/11/2018 ਤੱਕ ਪ੍ਰਵਾਨ ਕਰਵਾ ਕੇ ਵਿਦੇਸ਼ ਗਏ ਸਨ। ਇਹ ਛੁੱਟੀ ਅਵੇਲ ਕਰਨ ਉਪਰੰਤ ਇਸ ਟੀਚਰ ਨੇ ਅੱਜ ਮਿਤੀ 13/11/2018 ਮੁੜ ਡਿਊਟੀ ਤੇ ਹਾਜਰ ਹੋਣ ਦੀ ਆਗਿਆ ਲੈਣ ਲਈ ਪ੍ਰਤੀ ਬੇਨਤੀ ਦਿੱਤੀ ਹੈ। ਇਸ ਟੀਚਰ ਨੂੰ ਮਿਤੀ 13/11/2018 ਤੋਂ ਹਾਜਰ ਹੋਣ ਲਈ ਆਗਿਆ ਦਿੱਤੀ ਜਾਂਦੀ ਹੈ ਕਿਉਂਕਿ ਇਹ ਟੀਚਰ ਸਮੇਂ ਸਿਰ ਆਪਣੀ ਡਿਊਟੀ ਤੇ ਹਾਜਰ ਹੋ ਰਹੀ ਹੈ।

**ਇੰਦਰਜੀਤ ਸਿੰਘ**
**ਡਾਇਰੈਕਟਰ ਸਿਖਿਆ ਵਿਭਾਗ (ਐ:ਸਿ:)**
**ਪੰਜਾਬ, ਮੋਹਾਲੀ।**

ਪਿੱਠ ਅੰਕਣ ਨੰ. ਉਕਤ 9743 ਮਿਤੀ : 14/11/18

ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

1. ਜਿਲ੍ਹਾ ਸਿੱਖਿਆ ਅਫਸਰ (ਐ:ਸਿ:) ਕਪੂਰਥਲਾ ਨੂੰ ਲਿਖਿਆ ਜਾਂਦਾ ਹੈ ਕਿ ਪ੍ਰਵਾਨ ਕੀਤੀ ਗਈ ਅੱਧੀ ਤਨਖਾਹ ਵਿਦੇਸ਼ ਛੁੱਟੀ ਸਬੰਧੀ ਸੇਵਾ ਪੱਤਰੀ ਵਿਚ ਅੰਦਰਾਜ ਕਰਕੇ ਲਿਖਤੀ ਰੂਪ ਵਿਚ ਦਸਤਾਵੇਜੀ ਸਬੂਤਾਂ ਸਮੇਤ ਇਸ ਦਫਤਰ ਨੂੰ ਤੁਰੰਤ ਸੂਚਿਤ ਕੀਤਾ ਜਾਵੇ।
2. ਮਹਾਂਲੇਖਾਕਾਰ, ਪੰਜਾਬ ਚੰਡੀਗੜ੍ਹ।
3. ਜਿਲ੍ਹਾ ਖਜਾਨਾ ਅਫਸਰ, ਕਪੂਰਥਲਾ।
4. ਬਲਾਕ ਪ੍ਰਾਇਮਰੀ ਸਿੱਖਿਆ ਅਫਸਰ, ਫਗਵਾੜਾ (ਕਪੂਰਥਲਾ) ।
5. ਸਬੰਧਤ ਕਰਮਚਾਰੀ ਮਾਰਫਤ ਜਿਲ੍ਹਾ ਸਿਖਿਆ ਅਫਸਰ (ਐ:ਸਿ:) ਕਪੂਰਥਲਾ।
6. ਐਮ.ਆਈ.ਐਸ ਵਿੰਗ ਦਫਤਰ ਸਰਵ ਸਿਖਿਆ ਅਭਿਆਨ ਅਥਾਰਟੀ,ਪੰਜਾਬ, ਐਸ.ਏ.ਐਸ. ਨਗਰ ਨੂੰ ਵਿਭਾਗ ਦੀ ਸਾਈਟ ਤੇ ਪਾਉਣ ਲਈ।

14/11/18

**ਸਹਾਇਕ ਡਾਇਰੈਕਟਰ(ਅਮਲਾ)**

ਦਫਤਰ:- ਡਾਇਰੈਕਟਰ ਸਿਖਿਆ ਵਿਭਾਗ (ਐ:ਸਿ:) ਪੰਜਾਬ, ਮੋਹਾਲੀ।
(ਅਮਲਾ-1 ਸ਼ਾਖਾ)

ਹੁਕਮ ਨੰਬਰ:-20/59-2017-ਅਮਲਾ-1(1)
ਮਿਤੀ ਮੋਹਾਲੀ:-23/10/2018

ਇਸ ਦਫਤਰ ਦੇ ਹੁਕਮ ਨੰਬਰ:- 20/59-2017-ਅਮਲਾ-1(1)ਮਿਤੀ 11/12/2017 ਅਨੁਸਾਰ ਸ਼੍ਰੀਮਤੀ ਬਲਵਿੰਦਰ ਕੌਰ, ਬੀ.ਪੀ.ਈ.ਓ. ਟਾਂਡਾ-1 (ਹੁਸ਼ਿਆਰਪੁਰ) ਵਿਰੁੱਧ ਦੋਸ਼ ਸੂਚੀ ਜਾਰੀ ਕੀਤੀ ਗਈ ਸੀ। ਇਸ ਸਬੰਧੀ ਇਸ ਕਰਮਚਾਰੀ ਵਲੋਂ ਪੇਸ਼ ਗਏ ਉੱਤਰ ਅਤੇ ਪ੍ਰਿੰਸੀਪਲ, ਡਾਈਟ ਅੱਜੋਵਾਲ (ਹੁਸ਼ਿਆਰਪੁਰ) ਵਲੋਂ ਪ੍ਰਾਪਤ ਹੋਈ ਰਿਪੋਰਟ ਨੂੰ ਵਿਚਾਰਨ ਉਪਰੰਤ ਇਸ ਦਫਤਰ ਵਲੋਂ ਜਾਰੀ ਕੀਤੀ ਗਈ ਦੋਸ਼ ਸੂਚੀ ਡਰਾਪ ਕੀਤੀ ਜਾਂਦੀ ਹੈ। ਭਵਿੱਖ ਵਿਚ ਸੁਚੇਤ ਰਹਿ ਕੇ ਕੰਮ ਕਰਨ ਦੀ ਸਲਾਹ ਦਿੱਤੀ ਜਾਂਦੀ ਹੈ।

ਇੰਦਰਜੀਤ ਸਿੰਘ
ਡਾਇਰੈਕਟਰ ਸਿਖਿਆ ਵਿਭਾਗ (ਐ:ਸਿ:) ਪੰਜਾਬ

ਪਿੱਠ ਅੰਕਣ ਨੰਬਰ:-ਉਕਤ 9525 ਮਿਤੀ ਮੋਹਾਲੀ:- 26/10/18

ਉਪਰੋਕਤ ਦਾ ਉਤਾਰਾ ਹੇਠ ਲਿਖਿਆ ਨੂੰ ਸੂਚਨਾਂ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਜਿਲ੍ਹਾ ਸਿਖਿਆ ਅਫਸਰ (ਐ:ਸਿ:) ਹੁਸ਼ਿਆਰਪੁਰ।
2. ਜਿਲ੍ਹਾ ਖਜਾਨਾਂ ਅਫਸਰ, ਹੁਸ਼ਿਆਰਪੁਰ।
3. ਬਲਾਕ ਪ੍ਰਾਇਮਰੀ ਸਿਖਿਆ ਅਫਸਰ, ਟਾਂਡਾ-1 (ਹੁਸ਼ਿਆਰਪੁਰ)
4. ਸ਼੍ਰੀਮਤੀ ਬਲਵਿੰਦਰ ਕੌਰ, ਬਲਾਕ ਪ੍ਰਾਇਮਰੀ ਸਿਖਿਆ ਅਫਸਰ, ਟਾਂਡਾ-(ਹੁਸ਼ਿਆਰਪੁਰ)।
5. ਐਮ.ਆਈ.ਐਸ. ਵਿੰਗ, ਦਫਤਰ ਸਰਵ ਸਿਖਿਆ ਅਭਿਆਨ ਅਥਾਰਟੀ,ਪੰਜਾਬ, ਐਸ.ਏ.ਐਸ. ਨਗਰ ਨੂੰ ਵਿਭਾਗ ਦੀ ਵੈੱਬ ਸਾਈਟ ਤੇ ਪਾਉਣ ਲਈ।

26/10/18
ਸੁਪਰਡੰਟ (ਅਮਲਾ)

## ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਐ.ਸਿ.) ਪੰਜਾਬ, ਐਸ.ਏ.ਐਸ ਨਗਰ।
## (ਅਮਲਾ -1 ਸ਼ਾਖਾ)

ਹੁਕਮ ਨੰ: 04/135-2016 ਅ 1 (2)
ਮਿਤੀ : ਐਸ.ਏ.ਐਸ ਨਗਰ 16.10.2018

ਇਸ ਦਫਤਰ ਵਲੋਂ ਹੁਕਮ ਨੰ: 04/135-2016 ਅ1 (2) ਮਿਤੀ 16.02.2018 ਅਨੁਸਾਰ ਸ਼੍ਰੀ ਲਖਵਿੰਦਰ ਸਿੰਘ (ਬੀ.ਪੀ.ਈ.ਓ ਬਟਾਲਾ-2), ਸ਼੍ਰੀ ਮਨਜੀਤ ਸਿੰਘ (ਬੀ.ਪੀ.ਈ.ਓ ਗੁਰਦਾਸਪੁਰ-2), ਸ਼੍ਰੀ ਮਹਿੰਦਰ ਪਾਲ (ਬੀ.ਪੀ.ਈ.ਓ ਗੁਰਦਾਸਪੁਰ-1), ਸ਼੍ਰੀ ਮਹਿੰਦਰ ਪਾਲ (ਬੀ.ਪੀ.ਈ.ਓ ਕਾਹਨੂੰਵਾਨ-2), ਸ਼੍ਰੀ ਯਸ਼ਪਾਲ (ਬੀ.ਪੀ.ਈ.ਓ ਦੋਰਾਂਗਲਾ), ਸ਼੍ਰੀਮਤੀ ਨੀਲਮ ਕੁਮਾਰੀ (ਬੀ.ਪੀ.ਈ.ਓ ਕਾਹਨੂੰਵਾਨ-1), ਸ਼੍ਰੀਮਤੀ ਕੁਲਵਿੰਦਰ ਕੌਰ (ਬੀ.ਪੀ.ਈ.ਓ ਕਲਾਨੌਰ), ਸ਼੍ਰੀ ਮਹਿੰਦਰ ਸਿੰਘ (ਬੀ.ਪੀ.ਈ.ਓ ਕਲਾਨੌਰ ਹੁਣ ਧਿਆਨਪੁਰ) ਸ਼੍ਰੀ ਕਿਸ਼ੋਰ ਕੁਮਾਰ (ਬੀ.ਪੀ.ਈ.ਓ ਧਾਰੀਵਾਲ-2), ਸ਼੍ਰੀ ਰਾਜੀਵ ਕਮਲ ਸਿੰਘ (ਬੀ.ਪੀ.ਈ.ਓ ਬਟਾਲਾ-1), ਸ਼੍ਰੀ ਹਰਜੀਤ ਸਿੰਘ (ਬੀ.ਪੀ.ਈ.ਓ ਧਾਰੀਵਾਲ-1) ਅਧਿਕਾਰੀਆਂ ਵਿਰੁੱਧ ਜਾਰੀ ਕੀਤੀਆਂ ਗਈਆਂ ਦੋਸ਼ ਸੂਚੀਆਂ ਵਿੱਚ ਲਗਾਏ ਗਏ ਦੋਸ਼ਾਂ ਦੀ ਸਚਾਈ ਜਾਨਣ ਲਈ ਸ਼੍ਰੀਮਤੀ ਨਿਸ਼ੀ ਜਲੋਟਾ (ਡਿ.ਡਾ) ਦਫਤਰ ਡੀ.ਪੀ.ਆਈ (ਸੈ.ਸਿ) ਪੰਜਾਬ, ਐਸ.ਏ.ਐਸ.ਨਗਰ ਨੂੰ ਰੈਗੂਲਰ ਪੜਤਾਲ ਕਰਨ ਲਈ ਪੜਤਾਲੀਆ ਅਫਸਰ ਨਿਯੁਕਤ ਕੀਤਾ ਜਾਂਦਾ ਹੈ। ਇਸ ਕੇਸ ਵਿੱਚ ਸੁਪਰਡੈਂਟ ਅਲਮਾ-1 ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਐ.ਸਿ) ਪੰਜਾਬ, ਐਸ.ਏ.ਐਸ ਨਗਰ ਪੇਸ਼ੀ ਅਫਸਰ ਹੋਣਗੇ।

ਇੰਦਰਜੀਤ ਸਿੰਘ
ਡਾਇਰੈਕਟਰ ਸਿੱਖਿਆ ਵਿਭਾਗ (ਐ.ਸਿ.) ਪੰਜਾਬ

ਪਿੱਠ ਅੰਕਣ ਨੰ: ਉਕਤ | 9504 ਮਿਤੀ ਐਸ.ਏ.ਐਸ ਨਗਰ 23.10.18

1. ਸ਼੍ਰੀਮਤੀ ਨਿਸ਼ੀ ਜਲੋਟਾ, ਡਿਪਟੀ ਡਾਇਰੈਕਟਰ, ਦਫਤਰ ਡੀ.ਪੀ.ਆਈ (ਸੈ.ਸਿ) ਵਿੱਚ ਹੀ ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਇਸ ਮਾਮਲੇ ਸਬੰਧੀ ਤੱਥਾਂ /ਰਿਕਾਰਡ ਦੇ ਅਧਾਰ ਤੇ ਰੈਗੂਲਰ ਪੜਤਾਲ ਕਰਕੇ ਪੜਤਾਲ ਰਿਪੋਰਟ ਹਰ ਪੱਖੋਂ ਮੁਕੰਮਲ ਕਰਕੇ ਸਮੇਂ ਟਿੱਪਣੀ/ਸਿਫਾਰਸ ਮਿਤੀ 02.11.2018 ਤੱਕ ਹਰ ਹਾਲਤ ਵਿੱਚ ਪੇਸ਼ ਕੀਤੀ ਜਾਵੇ।
2. ਜਿਲ੍ਹਾ ਸਿੱਖਿਆ ਅਫਸਰ (ਐ.ਸਿ) ਗੁਰਦਾਸਪੁਰ ਨੂੰ ਭੇਜ ਕੇ ਹਦਾਇਤ ਕੀਤੀ ਜਾਂਦੀ ਹੈ ਕਿ ਇਸ ਮਾਮਲੇ ਨਾਲ ਅਸਲ ਰਿਕਾਰਡ ਪੜਤਾਲੀਆ ਅਫਸਰ ਨੂੰ ਨਿੱਜੀ ਪੱਧਰ ਤੇ ਹਰ ਹਾਲਤ ਵਿੱਚ ਪੜਤਾਲ ਲਈ ਪੇਸ ਕੀਤਾ ਜਾਵੇ। ਇਸ ਮਾਮਲੇ ਵਿੱਚ ਕਿਸੇ ਕਿਸਮ ਦੀ ਕੋਈ ਅਣਗਹਿਲੀ ਜਾਂ ਢਿੱਲ ਨਾਂ ਵਰਤੀ ਜਾਵੇ। ਇਹਨਾਂ ਹੁਕਮਾਂ ਦੀ ਕਾਪੀ ਸਬੰਧਤ ਨੂੰ ਆਪਣੇ ਪੱਧਰ ਤੇ ਹੀ ਰਿਸੀਵ ਕਰਵਾ ਕੇ ਪੜ੍ਹਤਾਲ ਵਿੱਚ ਸ਼ਾਮਲ ਹੋਣ ਦੀ ਹਦਾਇਤ ਕੀਤੀ ਜਾਵੇ। ਇਸ ਸਬੰਧੀ ਕੀਤੀ ਗਈ ਕਾਰਵਾਈ ਸਬੰਧੀ ਪਾਲਣਾ ਰਿਪੋਰਟ ਇਸ ਦਫਤਰ ਨੂੰ ਤੁਰੰਤ ਲਿਖਤ ਰੂਪ ਵਿੱਚ ਪੇਸ਼ ਕੀਤੀ ਜਾਵੇ।
3. ਸੁਪਰਡੈਂਟ (ਅਮਲਾ-1) ਡੀ.ਪੀ.ਆਈ (ਐ.ਸਿ)।
4. ਸ਼੍ਰੀ ਲਖਵਿੰਦਰ ਸਿੰਘ (ਬੀ.ਪੀ.ਈ.ਓ ਬਟਾਲਾ-2).
5. ਸ਼੍ਰੀ ਮਨਜੀਤ ਸਿੰਘ (ਬੀ.ਪੀ.ਈ.ਓ ਗੁਰਦਾਸਪੁਰ-2)
6. ਸ਼੍ਰੀ ਮਹਿੰਦਰ ਪਾਲ (ਬੀ.ਪੀ.ਈ.ਓ ਗੁਰਦਾਸਪੁਰ-1)
7. ਸ਼੍ਰੀ ਮਹਿੰਦਰ ਪਾਲ (ਬੀ.ਪੀ.ਈ.ਓ ਕਾਹਨੂੰਵਾਨ-2)
8. ਸ਼੍ਰੀ ਯਸ਼ਪਾਲ (ਬੀ.ਪੀ.ਈ.ਓ ਦੋਰਾਂਗਲਾ)
9. ਸ਼੍ਰੀਮਤੀ ਨੀਲਮ ਕੁਮਾਰੀ (ਬੀ.ਪੀ.ਈ.ਓ ਕਾਹਨੂੰਵਾਨ-1)
10. ਸ਼੍ਰੀਮਤੀ ਕੁਲਵਿੰਦਰ ਕੌਰ (ਬੀ.ਪੀ.ਈ.ਓ ਕਲਾਨੌਰ)
11. ਸ਼੍ਰੀ ਮਹਿੰਦਰ ਸਿੰਘ (ਬੀ.ਪੀ.ਈ.ਓ ਕਲਾਨੌਰ ਹੁਣ ਧਿਆਨਪੁਰ)
12. ਸ਼੍ਰੀ ਕਿਸ਼ੋਰ ਕੁਮਾਰ (ਬੀ.ਪੀ.ਈ.ਓ ਧਾਰੀਵਾਲ-2)
13. ਸ਼੍ਰੀ ਰਾਜੀਵ ਕਮਲ ਸਿੰਘ (ਬੀ.ਪੀ.ਈ.ਓ ਬਟਾਲਾ-1)
14. ਸ਼੍ਰੀ ਹਰਜੀਤ ਸਿੰਘ (ਬੀ.ਪੀ.ਈ.ਓ ਧਾਰੀਵਾਲ-1)
15. ਐਮ.ਆਈ.ਐਸ ਵਿੰਗ, ਦਫਤਰ ਸਰਵ ਸਿੱਖਿਆ ਅਭਿਆਨ ਅਥਾਰਟੀ, ਪੰਜਾਬ, ਐਸ.ਏ.ਐਸ ਨਗਰ ਨੂੰ ਵਿਭਾਗ ਦੀ ਵੈਬਸਾਈਟ ਤੇ ਪਾਉਣ ਲਈ।

25/10/18

ਸਹਾਇਕ ਡਾਇਰੈਕਟਰ (ਅਮਲਾ-1)

**ਦਫਤਰ:- ਡਾਇਰੈਕਟਰ ਸਿਖਿਆ ਵਿਭਾਗ (ਐ:ਸਿ:)ਪੰਜਾਬ, ਐਸ.ਏ.ਐਸ. ਨਗਰ।**

(ਅਮਲਾ-1 ਸ਼ਾਖਾ)

ਹੁਕਮ ਨੰਬਰ:-20/05-2016-ਅਮਲਾ-1(1)

ਮਿਤੀ ਐਸ.ਏ.ਐਸ. ਨਗਰ:-17/09/2018

ਸ਼੍ਰੀ ਭੁਪਿੰਦਰ ਸਿੰਘ ਪੁੱਤਰ ਸ਼੍ਰੀ ਕੁਲਵੰਤ ਸਿੰਘ, ਵਾਸੀ ਪਿੰਡ ਫਤਿਹ ਗੜ੍ਹ ਚੂੜੀਆਂ (ਗੁਰਦਾਸਪੁਰ) ਨੇ ਜਿਲ੍ਹਾ ਸਿਖਿਆ ਅਫਸਰ (ਐ:ਸਿ:) ਗੁਰਦਾਸਪੁਰ ਵਲੋਂ ਹੁਕਮ ਨੰਬਰ:-ਅ-4/6382-88 ਮਿਤੀ 25/07/2017 ਅਨੁਸਾਰ ਉਸ ਦੀ ਬਤੌਰ ਈ.ਟੀ.ਟੀ. ਟੀਚਰ ਦੀਆਂ ਸੇਵਾਵਾਂ ਸਮਾਪਤ ਕਰਨ ਸਬੰਧੀ ਜਾਰੀ ਕੀਤੇ ਗਏ ਹੁਕਮਾਂ ਵਿਰੁੱਧ ਡਾਇਰੈਕਟਰ ਸਿਖਿਆ ਵਿਭਾਗ (ਐ:ਸਿ:) ਪੰਜਾਬ, ਐਸ.ਏ.ਐਸ. ਨਗਰ ਪਾਸ ਅਪੀਲ ਪੇਸ਼ ਕੀਤੀ ਗਈ।

ਸ਼੍ਰੀਮਤੀ ਅਮਰਜੀਤ ਕੌਰ ਪਤਨੀ ਸ਼੍ਰੀ ਭੁਪਿੰਦਰ ਸਿੰਘ, ਵਾਸੀ ਅਜਨਾਲਾ ਰੋਡ, ਫਤਿਹਗੜ੍ਹ ਚੂੜੀਆਂ ਮਾਰਫਤ ਨਗਰ ਕੌਂਸਲ, ਫਤਿਹਗੜ੍ਹ ਚੂੜੀਆਂ (ਗੁਰਦਾਸਪੁਰ) ਨੇ ਲਿਖਤੀ ਰੂਪ ਵਿਚ ਵਿਭਾਗ ਦੇ ਧਿਆਨ ਵਿਚ ਲਿਆਂਦਾ ਕਿ ਉਸ ਦੇ ਪਤੀ ਸ਼੍ਰੀ ਭੁਪਿੰਦਰ ਸਿੰਘ, ਈ.ਟੀ.ਟੀ. ਟੀਚਰ, ਸ:ਐ:ਸ: ਖੋਦੇਬੇਟ, ਬਲਾਕ ਡੇਰਾ ਬਾਬਾ ਨਾਨਕ(ਗੁਰਦਾਸਪੁਰ) ਨੇ ਉਸ ਦੀ ਪਹਿਲਾਂ ਪਤਨੀ ਅਤੇ ਦੋ ਬੱਚੇ ਜਿੰਦਾ ਹੋਣ ਦੀ ਸੂਰਤ ਵਿਚ ਬਿਨ੍ਹਾਂ ਕਾਨੂੰਨੀ ਤੌਰ ਤੇ ਤਲਾਕ ਲਏ ਬਿਨ੍ਹਾਂ ਸ਼੍ਰੀਮਤੀ ਨਵਜੋਤ ਕੌਰ, ਹਿੰਦੀ ਮਿਸਟ੍ਰੈਸ, ਸ:ਮਿ:ਸ: ਮਾਲੇਵਾਲ (ਗੁਰਦਾਸਪੁਰ) ਨਾਲ ਦੂਜਾ ਵਿਆਹ ਕਰਵਾ ਲਿਆ ਹੈ। ਉਸ ਦੇ ਪਹਿਲੇਂ ਵਿਆਹ ਤੋਂ ਲੜਕਾ ਗੁਰਧਾਮ ਸਿੰਘ ਉਮਰਕ ਕਰੀਬ 16 ਸਾਲ ਅਤੇ ਲੜਕੀ ਹਰਸੀਰਤ ਕੌਰ ਉਮਰ 10 ਸਾਲ ਜਿੰਦਾ ਹਨ। ਇਸ ਸਬੰਧੀ ਉਸ ਵਲੋਂ ਕੁਝ ਅਹਿਮ ਦਸਤਾਵੇਜ ਵੀ ਸਬੂਤ ਵਜੋਂ ਵਿਭਾਗ ਨੂੰ ਪੇਸ਼ ਕੀਤੇ ਗਏ ਹਨ। ਇਸ ਤੋਂ ਇਲਾਵਾ ਇਸ ਮਾਮਲੇ ਸਬੰਧੀ ਪੁਲਿਸ ਥਾਣਾ ਫਤਿਹਗੜ੍ਹ ਚੂੜੀਆਂ ਵਿਖੇ ਐਫ.ਆਈ. ਆਰ. ਨੰਬਰ:-0011 ਮਿਤੀ 15/02/2016 ਵੀ ਕਾਨੂੰਨ ਦੀ ਧਾਰਾ 1860(ਐਕਟ) ਧਰਾਵਾਂ 498ਏ,420, 494 ਅਧੀਨ ਦਰਜ ਕਰਵਾਈ ਹੈ। ਇਸ ਸਬੰਧੀ ਮਾਮਲਾ ਮਾਨਯੋਗ ਅਦਾਲਤ ਵਿਚ ਕਾਰਵਾਈ ਅਧੀਨ।

ਇਸ ਸਬੰਧੀ ਨਿਯਮਾਂ ਅਨੁਸਾਰ ਯੋਗ ਵਿਧੀ ਅਪਨਾਉਂਦੇ ਹੋਏ ਅਪੀਲ ਕਰਤਾ ਨੂੰ ਨਿੱਜੀ ਸੁਣਵਾਈ ਦਾ ਮੌਕਾ ਦਿੱਤਾ ਗਿਆ ਅਤੇ ਆਪਣੇ ਬਚਾਅ ਪੱਖ ਵਿਚ ਕੁਝ ਕਹਿਣ ਅਤੇ ਜੇਕਰ ਕੋਈ ਦਸਤਾਵੇਜ ਪੇਸ਼ ਕਰਨਾ ਚਾਹੁੰਦਾ ਹੋਵੇ ਤਾਂ ਉਸ ਦਾ ਵੀ ਮੌਕਾ ਦਿੱਤਾ ਗਿਆ। ਅਪੀਲ ਕਰਤਾ ਵਲੋਂ ਲਿਖਤੀ ਰੂਪ ਵਿਚ ਇਸ ਦਫਤਰ ਨੂੰ ਆਪਣਾ ਬਚਾਅ ਪੱਖ ਪੇਸ਼ ਕੀਤਾ ਗਿਆ ਜਿਸ ਅਨੁਸਾਰ ਲਿਖਿਆ ਗਿਆ ਕਿ ਉਹ ਮਿਤੀ 12/10/2017 ਨੂੰ ਆਪਣੇ ਬਚਾਅ ਪੱਖ ਪੇਸ਼ ਕਰਨ ਲਈ ਮੁੱਖ ਦਫਤਰ ਵਿਖੇ ਨਿੱਜੀ ਸੁਣਵਾਈ ਮੌਕੇ ਪੇਸ਼ ਹੋਇਆ ਹੈ। ਸ਼ਿਕਾਇਤ ਕਰਤਾ ਸ਼੍ਰੀਮਤੀ ਅਮਰਜੀਤ ਕੌਰ ਪੁੱਤਰੀ ਸ਼੍ਰੀ ਕਰਨੈਲ ਸਿੰਘ, ਨੇ ਜੋ ਉਸ ਤੇ ਦੂਸਰਾ ਵਿਆਹ ਕਰਵਾਉਣ ਦੇ ਦੋਸ਼ ਲਗਾਏ ਗਏ ਹਨ ਉਹ ਸਰਾਸਰ ਗਲਤ ਅਤੇ ਬੇ-ਬੁਨਿਆਦ ਹਨ ਉਸ ਨੇ ਕੋਈ ਦੂਸਰਾ ਵਿਆਹ ਨਹੀਂ ਕਰਵਾਇਆ। ਸ਼ਿਕਾਇਤ ਕਰਤਾ ਵਲੋਂ ਆਪਣੀ ਸ਼ਿਕਾਇਤ ਨਾਲ ਪੇਸ਼ ਕੀਤੇ ਦਸਤਾਵੇਜੀ ਫਰਜੀ ਤਿਆਰ ਕੀਤੇ ਹੋਏ ਹਨ। ਜਿਵੇਂ ਕਿ ਰਾਸ਼ਨ ਕਾਰਡ, ਵੋਟਰ ਸੂਚੀ ਆਦਿ ਜੋ ਕਿ ਦਫਤਰੀ ਮਿਸਲ/ਰਿਕਾਰਡ ਵਿਚ ਮੌਜੂਦ ਨਹੀਂ ਹਨ। ਉਸ ਦੇ ਪਿਤਾ ਜੀ ਅੰਗਹੀਣ ਹਨ। ਉਸ ਦੇ ਮਾਤਾ/ਪਿਤਾ ਅਤੇ ਉਸ ਦੇ ਦੋ ਬੱਚੇ ਗੁਰਧਾਮ ਸਿੰਘ, ਹਰਸੀਰਤ ਕੌਰ ਉਸ ਤੇ ਹੀ ਨਿਰਭਰ ਹਨ। ਰੋਜੀ ਰੋਟੀ ਦਾ ਹੋਰ ਕੋਈ ਸਾਧਨ ਨਹੀਂ ਹੈ। ਇਸ ਲਈ ਉਸ ਦੇ ਘਰ ਦੇ ਹਲਾਤ ਠੀਕ ਨਹੀਂ ਚੱਲ ਰਹੇ ਹਨ। ਉਸ ਦਾ ਕੇਸ ਅਦਾਲਤ ਵਿਚ ਚੱਲ ਰਿਹਾ ਹੈ। ਅਦਾਲਤੀ ਫੈਸਲੇ ਦੀ ਉਡੀਕ ਕੀਤੀ ਜਾਵੇ ਤਾਂ ਜੋ ਸਿੱਧ ਹੋ ਸਕੇ ਕਿ ਉਹ ਬੇ-ਕਸੂਰ ਹੈ।

ਉਕਤ ਪ੍ਰਾਪਤ ਹੋਏ ਪੱਤਰ ਵਿਚ ਦਰਜ ਕੀਤੇ ਗਏ ਤੱਥਾਂ ਦੀ ਵੈਰੀਫਿਕੇਸ਼ਨ ਕਰਵਾਈ ਗਈ, ਇਸ ਸਬੰਧੀ ਜਿਲ੍ਹਾ ਸਿਖਿਆ ਅਫਸਰ (ਐ:ਸਿ:) ਗੁਰਦਾਸਪੁਰ ਵਲੋਂ ਪੱਤਰ ਨੰਬਰ:-ਅਮਲਾ-2018

(ਅ-4)/13185 ਮਿਤੀ 06/08/2018 ਅਨੁਸਾਰ ਰਿਪੋਰਟ ਪੇਸ਼ ਕੀਤੀ ਕਿ ਅਪੀਲ ਕਰਤਾ ਦਾ ਪੰਜ ਮਰਲੇ ਦਾ ਇੱਕ ਪਲਾਟ ਹੈ। ਉਸ ਦੇ ਬੱਚੇ ਗੁਰਧਾਮ ਸਿੰਘ ਅਤੇ ਹਰਸੀਰਤ ਕੌਰ ਉਸ ਦੀ ਪਹਿਲੀ ਪਤਨੀ ਸ਼੍ਰੀਮਤੀ ਅਮਰਜੀਤ ਕੌਰ ਪਾਸ ਰਹਿ ਰਹੇ ਹਨ। ਉਹ ਆਪਣੇ ਬੱਚੇ ਗੁਰਧਾਮ ਸਿੰਘ ਅਤੇ ਹਰਸੀਰਤ ਕੌਰ ਦੀ ਪੜ੍ਹਾਈ ਅਤੇ ਪਾਲਣ ਪੋਸ਼ਨ ਲਈ 4000/-+4000/- ਰੁਪਏ ਕੁੱਲ 8000/- ਪ੍ਰਤੀ ਮਹੀਨਾ ਖਰਚਾ (ਕੋਰਟ ਰਾਹੀਂ) ਦੇ ਰਿਹਾ ਹੈ।

ਅਪੀਲ ਕਰਤਾ ਵਿਰੁੱਧ ਜਾਰੀ ਕੀਤੀ ਗਈ ਦੋਸ਼ ਸੂਚੀ ਵਿਚ ਲਗਾਏ ਗਏ ਦੋਸ਼ ਪੜਤਾਲੀਆ ਅਫਸਰ ਵਲੋਂ ਸਿੱਧ ਕੀਤੇ ਗਏ ਹਨ। ਇਸ ਦੇ ਅਧਾਰ ਤੇ ਇਸ ਟੀਚਰ ਦੀਆਂ ਸੇਵਾਵਾਂ ਸਮਾਪਤ ਕੀਤੀਆਂ ਗਈਆ ਹਨ। ਇਸ ਰਿਪੋਰਟ ਵਿਚ ਜਿਲ੍ਹਾ ਸਿਖਿਆ ਅਫਸਰ (ਐ:ਸਿ:) ਗੁਰਦਾਸਪੁਰ ਵਲੋਂ ਅਪੀਲ ਕਰਤਾ ਦੀਆਂ ਸੇਵਾਵਾਂ ਬਹਾਲ ਕਰਨ ਲਈ ਸਹਿਮਤੀ ਪ੍ਰਗਟ ਨਹੀਂ ਕੀਤੀ ਹੈ।

ਉਕਤ ਅਨੁਸਾਰ ਅਪੀਲ ਕਰਤਾ ਵਲੋਂ ਉਸ ਨੂੰ ਨਿੱਜੀ ਸੁਣਵਾਈ ਮੌਕੇ ਪੇਸ਼ ਕੀਤੀ ਗਈ ਪ੍ਰਤੀ ਬੇਨਤੀ/ਆਪਣੇ ਬਚਾਅ ਪੱਖ ਵਿਚ ਜੋ ਤੱਥ ਪੇਸ਼ ਕੀਤੇ ਗਏ ਹਨ, ਉਹ ਅਸਲ ਸਥਿਤੀ ਨਾਲ ਮੇਲ ਨਹੀ. ਖਾਂਦੇ ਹਨ।

ਉਕਤ ਦਰਸਾਈ ਗਈ ਸਥਿਤੀ ਦੇ ਸੰਨਮੁੱਖ ਮੈਂ ਇਸ ਨਤੀਜੇ ਤੇ ਪੁੱਜਾ ਹਾਂ ਕਿ ਸ਼੍ਰੀ ਭੁਪਿੰਦਰ ਸਿੰਘ ਪੁੱਤਰ ਸ਼੍ਰੀ ਕੁਲਵੰਤ ਸਿੰਘ ਵਿਰੁੱਧ ਜਾਰੀ ਹੋਈ ਦੋਸ਼ ਸੂਚੀ ਵਿਚ ਲਗਾਏ ਗਏ ਦੋਸ਼ ਪਹਿਲਾਂ ਤੋਂ ਹੀ ਸਿੱਧ ਹੋ ਚੁੱਕੇ ਹਨ, ਉਹ ਆਪਣੇ ਬਚਾਅ ਪੱਖ ਵਿਚ ਕੋਈ ਠੋਸ ਸਬੂਤ ਪੇਸ਼ ਨਹੀਂ ਕਰ ਸਕਿਆ, ਸਗੋਂ ਅਪੀਲ ਕਰਤਾ ਵਲੋਂ ਵਿਭਾਗ ਨੂੰ ਵਾਰ-ਵਾਰ ਗੁੰਮਰਾਹ ਕੀਤਾ ਗਿਆ ਹੈ।

ਮੈਂ ਇੰਦਰਜੀਤ ਸਿੰਘ, ਡਾਇਰੈਕਟਰ ਸਿਖਿਆ ਵਿਭਾਗ (ਐ:ਸਿ:) ਪੰਜਾਬ, ਐਸ.ਏ.ਐਸ. ਨਗਰ ਜੇ.ਬੀ.ਟੀ./ਈ.ਟੀ.ਟੀ. ਟੀਚਰ ਦਾ ਅਪੀਲਟ ਅਧਿਕਾਰੀ ਹੋਣ ਦੇ ਨਾਤੇ ਸ਼੍ਰੀ ਭੁਪਿੰਦਰ ਸਿੰਘ ਪੁੱਤਰ ਸ਼੍ਰੀ ਕੁਲਵੰਤ ਸਿੰਘ, ਵਾਸੀ ਫਤਿਹਗੜ੍ਹ ਚੂੜੀਆਂ (ਗੁਰਦਾਸਪੁਰ) ਵਲੋਂ ਪੇਸ਼ ਕੀਤੀ ਗਈ ਅਪੀਲ ਦਾ ਫੈਸਲਾ ਕਰਦੇ ਹੋਏ ਜਿਲ੍ਹਾ ਸਿਖਿਆ ਅਫਸਰ (ਐ:ਸਿ:) ਗੁਰਦਾਸਪੁਰ ਵਲੋਂ ਹੁਕਮ ਨੰਬਰ:-ਅ-4/6382-88 ਮਿਤੀ 25/07/2017 ਅਨੁਸਾਰ ਜਾਰੀ ਕੀਤੇ ਗਏ ਹੁਕਮਾਂ ਅਨੁਸਾਰ ਕੀਤਾ ਗਿਆ ਫੈਸਲਾ ਬਰਕਰਾਰ ਰੱਖਦਾ ਹਾਂ।

**ਇੰਦਰਜੀਤ ਸਿੰਘ**
**ਡਾਇਰੈਕਟਰ ਸਿਖਿਆ ਵਿਭਾਗ (ਐ:ਸਿ:)ਪੰਜਾਬ**
**ਮਿਤੀ ਐਸ.ਏ.ਐਸ. ਨਗਰ:-** 5/10/18

**ਪਿੰਠ ਅੰਕਣ ਨੰਬਰ:-ਉਕਤ** 9231

ਉਤਾਰਾ ਹੇਠ ਲਿਖਿਆ ਨੂੰ ਸੂਚਨਾਂ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਜਿਲ੍ਹਾ ਸਿਖਿਆ ਅਫਸਰ (ਐ:ਸਿ:) ਗੁਰਦਾਪੁਰ ।
2. ਮਹਾਂਲੇਖਾਕਾਰ,ਪੰਜਾਬ, ਚੰਡੀਗੜ੍ਹ।
3. ਜਿਲ੍ਹਾ ਖਜਾਨਾ ਅਫਸਰ, ਗੁਰਦਾਸਪੁਰ।
4. ਬਲਾਕ ਪ੍ਰਾਇਮਰੀ ਸਿਖਿਆ ਅਫਸਰ, ਫਤਿਹਗੜ੍ਹ ਚੂੜੀਆਂ (ਗੁਰਦਾਪੁਰ)।
5. ਬਲਾਕ ਪ੍ਰਾਇਮਰੀ ਸਿਖਿਆ ਅਫਸਰ, ਡੇਰਾ ਬਾਬਾ ਨਾਨਕ (ਗੁਰਦਾਸਪੁਰ)
6. ਸ਼੍ਰੀ ਭੁਪਿੰਦਰ ਸਿੰਘ ਪੁੱਤਰ ਸ਼੍ਰੀ ਕੁਲਵੰਤ ਸਿੰਘ, ਮਾਰਫਤ ਜਿਲ੍ਹਾ ਸਿਖਿਆ ਅਫਸਰ (ਐ:ਸਿ:) ਗੁਰਦਾਸਪੁਰ।
7. ਐਮ.ਆਈ.ਐਸ. ਵਿੰਗ, ਦਫਤਰ ਸਰਵ ਸਿਖਿਆ ਅਭਿਆਨ ਅਥਾਰਟੀ,ਪੰਜਾਬ,ਐਸ.ਏ.ਐਸ. ਨਗਰ ਨੂੰ ਵਿਭਾਗ ਦੀ ਸਾਈਟ ਤੇ ਪਾਉਣ ਲਈ।

5/10/18
**ਸਹਾਇਕ ਡਾਇਰੈਕਟਰ (ਅਮਲਾ)**

**ਦਫਤਰ:- ਡਾਇਰੈਕਟਰ ਸਿਖਿਆ ਵਿਭਾਗ (ਐ:ਸਿ:) ਪੰਜਾਬ, ਮੋਹਾਲੀ**

**(ਅਮਲਾ-1 ਸ਼ਾਖਾ)**

**ਪੈਨਸ਼ਨ ਸਫਾਈ ਸਰਟੀਫਿਕੇਟ**

**ਹੁਕਮ ਨੰਬਰ:-22/12-2018-ਅਮਲਾ-1 (1)**

**ਮਿਤੀ ਮੋਹਾਲੀ:-25/09/2018**

ਸ਼੍ਰੀ ਦਿਲਬਾਗ ਸਿੰਘ, ਬਲਾਕ ਪ੍ਰਾਇਮਰੀ ਸਿਖਿਆ ਅਫਸਰ, ਦਸੂਹਾ-2, (ਹੁਸ਼ਿਆਰਪੁਰ) ਦੀ ਰਿਟਾਇਰਮੈਂਟ ਮਿਤੀ 31/12/2018 ਹੈ। ਪੰਜਾਬ ਸਰਕਾਰ, ਚੌਕਸੀ ਵਿਭਾਗ (ਬਜਟ ਅਤੇ ਅਮਲਾ) ਦੇ ਮੀਮੋ ਨੰਬਰ:-19/06-2002 ਬਅ/15289 ਮਿਤੀ 05/09/2012 ਦੀਆਂ ਹਦਾਇਤਾਂ ਅਨੁਸਾਰ ਪੈਨਸ਼ਨ ਸਫਾਈ ਸਰਟੀਫਿਕੇਟ ਜਾਰੀ ਕੀਤਾ ਜਾਂਦਾ ਹੈ।

**ਇੰਦਰਜੀਤ ਸਿੰਘ**
**ਡਾਇਰੈਕਟਰ ਸਿਖਿਆ ਵਿਭਾਗ (ਐ:ਸਿ:) ਪੰਜਾਬ**

**ਪਿੱਠ ਅੰਕਣ ਨੰਬਰ:-ਉਕਤ** 9341 **ਮਿਤੀ ਮੋਹਾਲੀ:-** 11/10/18

**ਉਤਾਰਾ ਹੇਠ ਲਿਖਿਆ ਨੂੰ ਸੂਚਨਾਂ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-**

1. ਸਕੱਤਰ, ਚੌਕਸੀ ਵਿਭਾਗ (ਚੌਕਸੀ-3 ਸ਼ਾਖਾ) ਪੰਜਾਬ, ਚੰਡੀਗੜ੍ਹ।
2. ਜਿਲ੍ਹਾ ਸਿਖਿਆ ਅਫਸਰ (ਐ:ਸਿ:) ਹੁਸ਼ਿਆਰਪੁਰ ਆਪਣੇ ਪੱਧਰ ਤੇ ਵੀ ਰਿਕਾਰਡ ਚੈੱਕ ਕਰਨ ਉਪਰੰਤ ਇਹ ਯਕੀਨੀ ਬਣਾਉਣਗੇ ਕਿ ਇਸ ਰਿਟਾਇਰੀ ਵਿਰੁੱਧ ਵਿਭਾਗ ਵਿਚ ਕਿਸੇ ਕਿਸਮ ਦੀ ਕੋਈ ਪੜਤਾਲ ਜਾਂ ਕਿਸੇ ਕਿਸਮ ਦੀ ਕੋਈ ਰਿਕਵਰੀ ਕਰਨੀ ਪੈਂਡਿੰਗ ਨਾ ਹੋਵੇ। ਇਸ ਕਰਮਚਾਰੀ ਵਿਰੁੱਧ ਉਸ ਦੀ ਰਿਟਾਇਰਮੈਂਟ ਦੀ ਮਿਤੀ 31/12/2018 ਤੱਕ ਜੇਕਰ ਕੋਈ ਗੰਭੀਰ ਮਾਮਲਾ ਜਾਂ ਦੋਸ਼ ਸੂਚੀ ਅੰਡਰ ਰੂਲ 8 ਜਾਰੀ ਹੁੰਦੀ ਹੈ ਤਾਂ ਮਾਮਲਾ ਬਣਦੇ ਰਿਟਾਇਰਲ ਲਾਭ ਦੇਣ ਤੋਂ ਪਹਿਲਾਂ ਮੁੱਖ ਦਫਤਰ ਦੇ ਧਿਆਨ ਵਿਚ ਇਸ ਪੱਤਰ ਦੇ ਹਵਾਲੇ ਵਿਚ ਤੁਰੰਤ ਲਿਆਂਦਾ ਜਾਣਾ ਯਕੀਨੀ ਬਣਾਇਆ ਜਾਵੇ।
3. ਮਹਾਂਲੇਖਾਕਾਰ,ਪੰਜਾਬ, ਚੰਡੀਗੜ੍ਹ।
4. ਸਬੰਧਤ ਰਿਟਾਇਰੀ ਮਾਰਫਤ ਜਿਲ੍ਹਾ ਸਿਖਿਆ ਅਫਸਰ (ਐ:ਸਿ:) ਹੁਸ਼ਿਆਰਪੁਰ।
5. ਐਮ.ਆਈ.ਐਸ. ਵਿੰਗ ਦਫਤਰ ਸਰਵ ਸਿਖਿਆ ਅਭਿਆਨ ਅਥਾਰਟੀ,ਪੰਜਾਬ, ਐਸ.ਏ.ਐਸ. ਨਗਰ ਨੂੰ ਵਿਭਾਗ ਦੀ ਸਾਈਟ ਤੇ ਪਾਉਣ ਲਈ।

ਦ: 9/10/18

**ਡਿਪਟੀ ਡਾਇਰੈਕਟਰ (ਅਮਲਾ)**

ਦਫਤਰ:- ਡਾਇਰੈਕਟਰ ਸਿਖਿਆ ਵਿਭਾਗ (ਐ:ਸਿ:) ਪੰਜਾਬ, ਮੋਹਾਲੀ

(ਅਮਲਾ-1 ਸ਼ਾਖਾ)

ਹੁਕਮ ਨੰਬਰ:-24/99-2018-ਅਮਲਾ-1(1)

ਮਿਤੀ ਮੋਹਾਲੀ:-17/09/2018

ਇਸ ਦਫਤਰ ਵਲੋਂ ਹੁਕਮ ਨੰਬਰ:- 24/99-2018-ਅਮਲਾ-1(1) ਮਿਤੀ 26/06/2018 ਅਨੁਸਾਰ ਸ਼੍ਰੀਮਤੀ ਪਰਮਜੀਤ ਕੌਰ, ਬਲਾਕ ਪ੍ਰਾਇਮਰੀ ਸਿਖਿਆ ਅਫਸਰ, ਬੁਲੋਵਾਲ (ਹੁਸ਼ਿਆਰਪੁਰ) ਦੀਆਂ ਸੇਵਾਵਾਂ ਪੰਜਾਬ ਸਿਵਲ ਸੇਵਾਵਾਂ (ਸਜਾ ਅਤੇ ਅਪੀਲ) ਰੂਲਜ਼ 1970 ਦੇ ਨਿਯਮ 4 ਅਧੀਨ ਤਤਕਾਲ ਸਮੇਂ ਤੋਂ ਮੁਅੱਤਲ ਕੀਤੀਆਂ ਗਈਆਂ ਸਨ। ਇਸ ਅਧਿਕਾਰਨ ਦੀਆਂ ਸੇਵਾਵਾਂ ਤਤਕਾਲ ਸਮੇਂ ਤੋਂ ਪੈਡਿੰਗ ਪੜਤਾਲ ਬਹਾਲ ਇਸ ਸ਼ਰਤ ਤੇ ਕੀਤੀਆਂ ਜਾਂਦੀਆ ਹਨ ਕਿ ਉਸ ਵਿਰੁੱਧ ਚੱਲ ਰਹੀ ਰੈਗੂਲਰ ਪੜਤਾਲ ਤੇ ਕਿਸੇ ਵੀ ਤਰ੍ਹਾਂ ਪ੍ਰਭਾਵਿਤ ਨਹੀਂ ਕਰੇਗੀ।

ਇੰਦਰਜੀਤ ਸਿੰਘ
ਡਾਇਰੈਕਟਰ ਸਿਖਿਆ ਵਿਭਾਗ (ਐ:ਸਿ:) ਪੰਜਾਬ

ਪਿੱਠ ਅੰਕਣ ਨੰਬਰ:-ਉਕਤ 9054 ਮਿਤੀ ਮੋਹਾਲੀ:- 24/9/18

ਉਪਰੋਕਤ ਦਾ ਉਤਾਰਾ ਹੇਠ ਲਿਖਿਆ ਨੂੰ ਸੂਚਨਾਂ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਜਿਲ੍ਹਾ ਸਿਖਿਆ ਅਫਸਰ (ਐ:ਸਿ:) ਹੁਸ਼ਿਆਰਪੁਰ।
2. ਜਿਲ੍ਹਾ ਖਜਾਨਾਂ ਅਫਸਰ, ਹੁਸ਼ਿਆਰਪੁਰ।
3. ਬਲਾਕ ਪ੍ਰਾਇਮਰੀ ਸਿਖਿਆ ਅਫਸਰ, ਬੁਲੋਵਾਲ (ਹੁਸ਼ਿਆਰਪੁਰ)
4. ਸ਼੍ਰੀਮਤੀ ਪਰਮਜੀਤ ਕੌਰ, ਮਾਰਫਤ ਜਿਲ੍ਹਾ ਸਿਖਿਆ ਅਫਸਰ (ਐ:ਸਿ:) ਹੁਸ਼ਿਆਰਪੁਰ।
5. ਐਮ.ਆਈ.ਐਸ ਵਿੰਗ ਦਫਤਰ ਸਰਵ ਸਿਖਿਆ ਅਭਿਆਨ ਅਥਾਰਟੀ,ਪੰਜਾਬ, ਮੋਹਾਲੀ ਨੂੰ ਵਿਭਾਗ ਦੀ ਸਾਈਟ ਤੇ ਪਾਉਣ ਲਈ।

24/9/18
ਸੁਪਰਡੈਂਟ (ਅਮਲਾ)

**ਦਫਤਰ:- ਡਾਇਰੈਕਟਰ ਸਿਖਿਆ ਵਿਭਾਗ (ਐ:ਸਿ:) ਪੰਜਾਬ, ਐਸ.ਏ.ਐਸ ਨਗਰ**

**(ਅਮਲਾ-1 ਸ਼ਾਖਾ)**

ਹੁਕਮ ਨੰਬਰ:-24/154-2018-ਅਮਲਾ-1(1)

ਮਿਤੀ ਐਸ.ਏ.ਐਸ. ਨਗਰ:-01/10/2018

ਸਕੱਤਰ ਸਕੂਲ ਸਿਖਿਆ ਜੀ ਅਤੇ ਡਾਇਰੈਕਟਰ ਸਿਖਿਆ ਵਿਭਾਗ (ਐ:ਸਿ:) ਜੀ ਵਲੋਂ ਮਿਤੀ 28/09/2018 ਨੂੰ ਜਲੰਧਰ ਅਤੇ ਕਪੂਰਥਲਾ ਜਿਲ੍ਹੇ ਅਧੀਨ ਪੈਂਦੇ ਸਿਖਿਆ ਵਿਭਾਗ ਦੇ ਦਫਤਰਾਂ ਦਾ ਅਚਨਚੇਤ ਨਿਰੀਖਣ ਕੀਤਾ ਗਿਆ। ਇਸ ਦੌਰਾਨ ਹੇਠ ਲਿਖੇ ਬਲਾਕ ਪ੍ਰਾਇਮਰੀ ਸਿਖਿਆ ਅਫਸਰਾਂ ਦੇ ਦਫਤਰਾਂ ਦਾ ਕੰਮ ਕਾਜ ਦੀ ਚੈਕਿੰਗ ਦੌਰਾਨ ਬੇਨਿਯਮੀਆਂ/ਕੁਤਾਹੀਆਂ/ਅਣਗਹਿਲੀਆਂ ਪਾਈਆਂ ਗਈਆਂ ਭਾਵ ਇਹਨਾਂ ਦਫਤਰਾਂ ਦਾ ਕੰਮ ਕਾਜ ਤਸੱਲੀ ਬਖਸ਼ ਨਹੀਂ ਸੀ। ਇਹਨਾਂ ਦਫਤਰਾਂ ਦੇ ਅਧਿਕਾਰੀਆਂ ਨੂੰ ਨਿਯਮਾਂ/ਹਦਾਇਤਾਂ ਦੀ ਕੋਈ ਜਾਣਕਾਰੀ ਨਹੀਂ ਸੀ। ਜਿੰਨ੍ਹਾਂ ਦੇ ਵੇਰਵੇ ਹੇਠ ਲਿਖੇ ਅਨੁਸਾਰ ਹਨ:-

1. ਸ਼੍ਰੀ ਗੁਰਮੀਤ ਸਿੰਘ, ਬੀ.ਪੀ.ਈ.ਓ. ਕਪੂਰਥਲਾ-3 (ਕਪੂਰਥਲਾ)।
2. ਸ਼੍ਰੀ ਬਲਵਿੰਦਰ ਸਿੰਘ, ਬੀ.ਪੀ.ਈ.ਓ. ਭੁਲੱਥ (ਕਪੂਰਥਲਾ)।
3. ਸ਼੍ਰੀ ਪ੍ਰਸ਼ੋਤਮ ਲਾਲ, ਬੀ.ਪੀ.ਈ.ਓ. ਕਰਤਾਰਪੁਰ (ਜਲੰਧਰ)।
4. ਸ਼੍ਰੀ ਜੋਗਿੰਦਰ ਸਿੰਘ, ਬੀ.ਪੀ.ਈ.ਓ. ਵੈਸਟ-2 (ਜਲੰਧਰ)।
5. ਸ਼੍ਰੀਮਤੀ ਸੁਲਿੰਦਰ ਕੌਰ, ਬੀ.ਪੀ.ਈ.ਓ. ਭੋਗਪੁਰ (ਜਲੰਧਰ)।

ਉਕਤ ਦੱਸੀ ਗਈ ਸਥਿਤੀ ਦੇ ਸੰਨਮੁੱਖ ਉਕਤ ਅਧਿਕਾਰੀ ਦੇ ਪਰਖ ਕਾਲ ਸਮੇਂ ਵਿਚ 06 ਮਹੀਨੇ ਦਾ ਹੋਰ ਵਾਧਾ ਕੀਤਾ ਜਾਂਦਾ ਹੈ।

**ਇੰਦਰਜੀਤ ਸਿੰਘ**

**ਡਾਇਰੈਕਟਰ ਸਿਖਿਆ ਵਿਭਾਗ (ਐ:ਸਿ:) ਪੰਜਾਬ**

**ਪਿੱਠ ਅੰਕਣ ਨੰਬਰ:-ਉਕਤ** 9184 **ਮਿਤੀ ਐਸ.ਏ.ਐਸ. ਨਗਰ:-01/10/2018**

ਉਤਾਰਾ ਹੇਠ ਲਿਖਿਆ ਨੂੰ ਸੂਚਨਾਂ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਜਿਲ੍ਹਾ ਸਿਖਿਆ ਅਫਸਰ (ਐ:ਸਿ:) ਜਲੰਧਰ/ਕਪੂਰਥਲਾ।
2. ਮਹਾਂਲੇਖਾਕਾਰ ਪੰਜਾਬ, ਚੰਡੀਗੜ੍ਹ।
3. ਜਿਲ੍ਹਾ ਖਜਾਨਾ ਅਫਸਰ, ਜਲੰਧਰ/ਕਪੂਥਲਾ।
4. ਸਬੰਧਤ ਅਧਿਕਾਰੀ।
5. ਐਮ.ਆਈ.ਐਸ.ਵਿੰਗ ਦਫਤਰ ਸਰਵ ਸਿਖਿਆ ਅਭਿਆਨ ਅਥਾਰਟੀ,ਪੰਜਾਬ, ਐਸ.ਏ.ਐਸ. ਨਗਰ ਨੂੰ ਵਿਭਾਗ ਦੀ ਸਾਈਟ ਤੇ ਪਾਉਣ ਲਈ।

1/10/18

ਸੁਪਰਡੰਟ (ਅਮਲਾ)